

ਬੀ ਸੀ ਦੀ ਡੈਫ਼ ਚਿਲਡਰਨਜ਼ ਸੋਸਾਇਟੀ ਦਾ ਇਤਿਹਾਸ ਬੀ ਸੀ ਚਿਲਡਰਨਜ਼ ਹੌਸਪੀਟਲ ਦੇ ਨਾਲ ਮੁਢਲੇ 1970 ਵੇਆਂ ਤੋਂ ਸੰਬੰਧਤ ਹੈ। ਹੌਸਪੀਟਲ ਵਿਚ ਕਈ ਪ੍ਰੋਗਰਾਮ ਇੱਕਠੇ ਹੋਣ ਤੋਂ ਬਾਅਦ,1981 ਵਿਚ ਡੈਫ਼ ਚਿਲਡਰਨਜ਼ ਸੋਸਾਇਟੀ ਸਥਾਪਤ ਕੀਤੀ ਗਈ ।

ਡੈਫ਼ ਚਿਲਡਰਨਜ਼ ਸੋਸਾਇਟੀ ਪ੍ਰੌਫ਼ਿਟ ( ਨਫ਼ਾ ) ਰਹਿਤ ਸੰਸਥਾ ਹੈ ਜੋ ਜਨਮ ਤੋਂ ਪੰਜ ਸਾਲ ਦੀ ਉਮਰ ਤੱਕ ਦੇ ਬੈਹਿਰੇ ਜਾਂ ਉੱਚਾ ਸੁਣਨ ਵਾਲੇ ਬੱਚਿਆਂ ਦੇ ਪਰਿਵਾਰਾਂ ਦੀ ਸੇਵਾ ਕਰਦੀ ਹੈ।ਬੱਚਿਆਂ ਦੇ ਮਾਮੂਲੀ ਤੋਂ ਅਧਿਕ ਬੈਹਿਰੇਪਣ ਦੀ ਸੇਵਾ ਸਾਡੇ ਘੇਰੇ ਵਿਚ ਆਉਂਦੀ ਹੈ। ਬਹੁਤ ਸਾਰੇ ਸਾਡੇ ਬੱਚਿਆ ਦੇ ਕੌਕਲੇਅਰ ਇਮਪਲਾਂਟ **cochlear implant** ਕੀਤੇ ਏ ਹਨ ।












**#200-7355 Canada Way**
**Burnaby, BC, V3N 4Z6**
**ਫ਼ੋਨ: 604.525.6056 (v)**
**604.525.9390 (tty)**
**604.525.7307 (fax)**
**deafbc@deafchildren.bc.ca**


## www.deafchildren.bc.ca

ਸਾਡਾ ਵੈਬਸਇਟ ਆਪਸ ਵਿਚ ਵਿਚਾਰਾਂ ਦਾ ਆਦਾਨ ਪਰਦਾਨ ਕਰਵਾਉਂਦਾ ਹੈ, ਸਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਬਹੁਤ ਡੂੰਗੀ ਜਾਣਕਾਰੀ ਦਿੰਦਾ ਹੈ।ਵੈਬਸਾਇਟ ਤੇ ਘਟਨਾਵਾਂ ਦੇ ਕੈਲੰਡਰ ਨੂੰ ਆਧੁਨਿਕ ਕੀਤਾ ਜਾਂਦਾ ਹੈ।

*DCS is C.A.R.F. Accredited*

# deaf children's society of bc

## ਡੈਫ਼ ਚਿਲਡਰਨਜ਼ ਸੋਸਾਇਟੀ ਔਫ਼ ਬੀ ਸੀ



## ਬੱਚਿਆਂ ਅਤੇ ਪਰਵਾਰਾਂ ਨੂੰ ਸਹਾਰਾ ਦੇਣਾ

## ਸਾਖ਼ਰਤਾ ਅਤੇ ਵਾਰਤਾਲਾਪ ਨੂੰ ਵਧਾਉਣਾ

# ਡੀ ਸੀ ਐਸ ਪ੍ਰੋਗਰਾਮ

*ਡੈਫ ਚਿਲਡਰਨਜ਼ ਸੋਸਾਇਟੀ ਉਨ੍ਹਾਂ ਪਰਿਵਾਰਾਂ, ਜਿਨ੍ਹਾਂ ਦੇ,ਜਨਮ ਤੋਂ ਪੰਜ ਸਾਲ ਤੱਕ ਦੇ ਬੱਚੇ ਬੈਹਿਰੇ ਜਾਂ ਉੱਚੇ ਸੁਣਦੇ ਹਨ,ਕਈ ਕਿਸਮ ਦੀਆਂ ਸੇਵਾਵਾਂ ਅਤੇ ਅਗਵਾਈ ਪਰਦਾਨ ਕਰਦੀ ਹੈ।*

*ਸਾਡੀ ਮਾਹਿਰਾਂ ਦੀ ਟੀਮ ਪ੍ਰੋਗਰਾਮ, ਸਾਧਨ, ਸਹਾਇਤਾ ਅਤੇ ਸਿਖਲਾਈ ਦੇ ਉਪਕਰਣ ਪਰਦਾਨ ਕਰਦੀ ਹੈ ਤਾਂ ਜੋ ਬੌਦਿਕ ਵਿਕਾਸ, ਸਾਖ਼ਰਤਾ, ਵਿਚਾਰਾਂ ਦਾ ਆਦਾਨ ਪਰਦਾਨ ਅਤੇ ਪਰਵਾਰਕ ਏਕਤਾ f ਉਤਸ਼ਾਹਿਤ ਕੀਤਾ ਜਾ ਸਕੇ।*




*ਸਾਡੇ ਪ੍ਰੋਗਰਾਮਾਂ ਦੀ ਨਵੀਨਤਮ ਜਾਣਕਾਰੀ ਅਤੇ ਘਟਨਾਵਾਂ ਲਈ, ਸਾਡਾ ਵੈਬਸਾਇਟ ਚੈਕ ਕਰੋ।*

**www.deafchildren.bc.ca**

## ਅਰਲੀ ਲਿਟਰੇਸੀ ਫ਼ਾਉਂਡੇਸ਼ਨਜ਼ (ਈ ਐਲ ਐਫ਼ )

ਦੋ ਸਾਲ ਤੱਕ ਦੇ ਛੋਟੇ ਬੱਚੇ ਅਤੇ ਬਾਲਕਾਂ ਲਈ ਸਾਡਾ ਈ ਐਲ ਐਫ਼ ਪ੍ਰੋਗਰਾਮ, ਭਾਸ਼ਾ, ਸਾਖ਼ਰਤਾ ਦੇ ਵਿਕਾਸ ਲਈ ਸੁਵੇਲੇ ਹੀ ਪੁਸਤਕਾਂ ਪ੍ਰਤੀ ਲਗਾਓ ਪੈਦਾ ਕਰਨ, ਸਾਇਨ ਲੈਂਗੁਵੇਜ ਤੇ ਸਮਾਜਿਕ ਵਾਰਤਾਲਾਪ ਤੇ ਕੇਂਦਰਿਤ ਹੈ।

## ਪ੍ਰੀ ਸਕੂਲ

ਸਾਡਾ ਸਕੂਲ ਦਾ ਪ੍ਰੋਗਰਾਮ 30 ਮਹੀਨੇ ਤੋ 5 ਸਾਲ ਲਈ ਜਾਂ ਕਿੰਡਰ-ਗਾਰਟਨ ਵਿਚ ਦਾਖਲੇ ਸਮੇਂ ਤੱਕ ਹੈ।
ਡੀ ਸੀ ਐਸ ਪ੍ਰੀ ਸਕੂਲ :

- 30 ਮਹੀਨੇ ਤੋਂ 5 ਸਾਲ ਦੇ ਬੱਚਿਆਂ ਲਈ ਲਾਇਸੈਂਸ ਸ਼ੁਦਾ ਹੈ।
- ਸੋਮਵਾਰ ਤੋਂ ਵੀਰਵਾਰ 9-2 ਬਾਅਦ ਦੁਪਹਿਰ ਤੱਕ ਖੁਲ੍ਹਦਾ ਹੈ।
- ਸਟਾਫ਼ ਦੇ ਮਾਹਿਰ ਮੈਂਬਰ ਈ ਸੀ ਈ ਲਈ ਸਿੱਖਿਅਤ ਹਨ।
- ਇੱਕ ਨਾਲ ਇੱਕ ਅਤੇ ਗਰੁਪ ਵਿਚ ਭਾਸ਼ਾ ਦੀ ਸਿਖਲਾਈ ਦਿੰਦਾ ਹੈ।
- ਵਿਅਕਤੀਗਤ ਬੱਚੇ ਦੀ ਭਾਸ਼ਾਈ ਲੋੜ ਸਪੀਚ, (ਅਸ਼ਲ਼) ਏ ਐਸ ਐਲ ਜਾਂ ਦੋਨਾਂ ਦੇ ਸੁਮੇਲ ਰਾਹੀਂ ਦਿੰਦਾ ਹੈ।
- ਪ੍ਰੀ ਸਕੂਲ ਦਾ ਉਚੇਰਾ ਪਾਠਕਰਮ,ਬੱਚਿਆਂ ਦੀ ਨਿਜੀ ਸਿਖਲਾਈ ਦੀ ਲੋੜ ਅਨੁਸਾਰ ਲਾਗੂ ਕੀਤਾ ਜਾਂਦਾ ਹੈ।
- ਬੈਹਿਰੇ ਅਤੇ ਉੱਚਾ ਸੁਣਨ ਵਾਲੇ ਬੱਚਿਆ ਦੇ ਭੈਣ ਭਰਾਵਾਂ ਲਈ ਪ੍ਰੋਗਰਾਮ ਪਰਦਾਨ ਕੀਤੇ ਜਾਂਦੇ ਹਨ।
- ਸਾਡਾ ਪ੍ਰੀ ਸਕੂਲ ਐਟ ਹੋਮ ਪ੍ਰੋਗਰਾਮ ਇੱਕ ਵਿਸ਼ੇਸ਼ ਪ੍ਰੋਗਰਾਮ ਹੈ ਜੋ ਪ੍ਰੀ ਸਕੂਲੀ ਕ੍ਰਿਆਵਾਂ ਅਤੇ ਸਾਇਨ ਲੈਂਗੁਵੇਜ ਵਾਰਤਾਲਾਪ ਨੂੰ ਘਰ ਵਿਚ ਲੈ ਜਾਂਦਾ ਹੈ।

## ਸਪੀਚ ਲੈਂਗੁਵੇਜ

ਸਾਡਾ ਸਪੀਚ-ਲੈਂਗੁਵੇਜ ਦਾ ਪ੍ਰੋਗਰਾਮ ਸਰਟੀਫ਼ਾਇਡ ਥੈਰਾਪਿਸਟ ਰਾਹੀਂ ਚਲਾਇਆ ਜਾਂਦਾ ਹੈ ਜੋ ਬੱਚਿਆਂ ਤੇ ਪਰਵਾਰਾਂ ਨਾਲ ਕੰਮ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਮੁਢਲੇ ਭਾਸ਼ਾਈ ਪੜਾਅ ਪ੍ਰਾਪਤ ਕੀਤੇ ਜਾ ਸਕਣ।ਡੀ ਸੀ ਐਸ ਸਪੀਚ-ਲੈਂਗੁਵੇਜ ਥੈਰਾਪਿਸਟ 1 ਨਾਲ 1 ਥੈਰਪੀ ਦੀ ਬੈਠਕ ਫ਼ੈਮਿਲੀ ਹੋਮ ਵਿਚ,ਡੀ ਸੀ ਐਸ ਪ੍ਰੀਸਕੂਲ ਜਾਂ ਬੱਚੇ ਦੇ ਸਥਾਨਕ ਡੇਅ ਕੇਅਰ ਜਾਂ ਸਕੂਲ ਵਿਚ ਦੇ ਸਕਦੇ ਹਨ। ਉਹ ਬੱਚੇ ਦੇ ਕੋਕਲੇਅਰ ਇਮਪਲਾਂਟ ਦੇ ਜ਼ਾਇਜ਼ੇ ਦੇ ਸਮੇਂ,ਔਡੀਓ ਦੀ ਮੁਲਾਕਾਤ ਸਮੇਂ,ਹੋਰ ਮਾਹਿਰਾਂ ਨਾਲ ਗੱਲ ਬਾਤ ਕਰਨ ਲਈ ਵੀ ਹਾਜ਼ਰ ਹੋ ਸਕਦੇ ਹਨ ਅਤੇ ਸਪੀਚ-ਲੈਗੁਵੇਜ ਦੇ ਵਿਕਾਸ ਸੰਬੰਧੀ ਮਾਪਿਆਂ ਦੇ ਪ੍ਰਸ਼ਨਾਂ ਦਾ ਉੱਤਰ ਦੇ ਸਕਦੇ ਹਨ।

## ਸਾਇਨ ਲੈਂਗੁਵੇਜ

ਸਾਇਨ ਲੈਂਗੁਵੇਜ ਦੀ ਸਿੱਖਿਆ ਪਰਵਾਰਾਂ ਨੂੰ ਉਨ੍ਹਾਂ ਦੇ ਘਰਾਂ ਅਤੇ ਪ੍ਰੀ ਸਕੂਲ ਵਿਚ ਦਿੱਤੀ ਜਾਂਦੀ ਹੈ। ਅਸੀਂ ਸਾਇਨ ਲੈਂਗੁ -ਵੇਜ ਦੀ ਸਿੱਖਿਆ ਲੋਅਰ ਮੇਨਲੈਂਡ ਤੋਂ ਆਪ ਬਾਹਰ ਜਾ ਕੇ ਜਿੱਥੇ ਵੀ ਸੰਭਵ ਹੈ ਵੀਡੀਓਕੋਨਫ਼ਰੈਸਾਂ ਰਾਹੀਂ ਜਿੱਥੇ ਉਹ ਉਪਲਬਦ ਹੈ,ਪਰਦਾਨ ਕਰਦੇ ਹਾਂ।

**ਕਮਿਉਨੀਟੀ ਸਾਇਨ ਕਲਾਸਿਜ਼,** ਡੀ ਸੀ ਐਸ ਅਤੇ ਬਰਨਬੀ ਕੰਟੀਨਿਯੂਇੰਗ ਐਜੁਕੇਸ਼ਨ ਜਾਂ/ਅਤੇ ਸਨ ਹਿਲ ਹੈਲਥ ਸੈਂਟਰ ਫ਼ੌਰ ਚਿਲਡਰਨ ਦੇ ਸਹਿਯੋਗ ਸਦਕਾ ਉਪਲਬਦ ਹਨ।ਇਸ ਬਾਰੇ ਜਾਂ ਸਮਰ ਸਾਇਨ ਲੈਂਗੁਵੇਜ ਪ੍ਰੋਗਰਾਮਾਂ ਬਾਰੇ ਵਧੇਰੇ ਸੂਚਨਾ ਸਾਡੇ ਵੈਬਸਾਇਟ ਤੋਂ ਲਿੱਤੀ ਜਾ ਸਕਦੀ ਹੈ ।

## ਫ਼ੈਮਿਲੀ ਨੈਟਵਰਕਿੰਗ

ਸਾਡਾ ਪ੍ਰੋਗਰਾਮ ਨੰਨ੍ਹੇ ਬੱਚਿਆਂ , ਬਾਲਕਾਂ ਅਤੇ ਪ੍ਰੀ ਸਕੂਲ ਜਾਣ ਵਾਲਿਆਂ ਦੇ ਮਾਪਿਆਂ ਲਈ ਇਹ ਸਹੂਲਤ ਦਿੰਦਾ ਹੈ ਕਿ ਉਹ ਦੂਜੇ ਬਹਿਰੇ,ਉੱਚਾ ਸੁਣਨ ਅਤੇ ਕੋਕਲੈਅਰ ਇਮਪਲਾਂਟ ਵਾਲੇ ਬੱਚਿਆਂ ਦੇ ਪਰਿਵਾਰਾਂ ਨਾਲ ਸੰਪਰਕ ਪੈਦਾ ਕਰ ਸਕਣ।

## ਲਾਇਬਰੇਰੀ ਐਂਡ ਬੁਕਸਟੋਰ

ਡੀ ਸੀ ਐਸ ਇੱਕ ਲਾਇਬਰੇਰੀ ਅਤੇ ਬੁਕ ਸਟੋਰ ਰੱਖਦਾ ਹੈ ਜਿਸ ਵਿਚ ਬਹੁਤ ਪੇਸ਼ਾਵਰਾਨਾ ਕਿਤਾਬਾਂ ਅਤੇ ਰਸਾਲੇ,ਬੱਚਿਆਂ ਲਈ ਕਿਤਾਬਾਂ ਅਤੇ ਹੋਰ ਉਪਯੋਗੀ ਸਾਧਨ ਹਨ ਜੋ ਏ ਐਸ ਐਲ ਅਤੇ ਬਹਿਰੇਪਨ ਨਾਲ ਸੰਬੰਧਤ ਹਨ।

**ਡੀ ਸੀ ਐਸ ਦਾ ਮੈਂਬਰ ਬਣੋ** ਅਤੇ ਲਾਇਬਰੇਰੀ ਤੋਂ ਉਧਾਰ ਲੈਣ ਦੀ ਸਹੂਲਤ ਦਾ ਅਨੰਦ ਮਾਣੋ। ਵੇਰਵਿਆਂ ਲਈ ਸਾਡਾ ਵੈਬਸਾਇਟ ਚੈਕ ਕਰੋ।

## ਬੈਹਿਰੀ ਕਮਿਉਨੀਟੀ

ਬੈਹਿਰੇ ਬਾਲਗ ਮਾਪਿਆਂ ਦੇ ਪ੍ਰੀਸਕੂਲ਼ ਆਯੂ ਦੇ ਸੁਣਨ ਦੇ ਸਮਰੱਥ ਬੱਚੇ (CODAs) ਸਾਡੇ ਪ੍ਰੀ ਸਕੂਲ ਅਤੇ ਹੋਰ ਘਟਨਾਵਾਂ ਤੇ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਸਕਦੇ ਹਨ ਜੋ ਕਿ ਡੀ ਸੀ ਐਸ (DCS) ਪਰਦਾਨ ਕਰਦਾ ਹੈ।